# ਖੇਤੀ ਵਿਭਿੰਨਤਾ ਨੂੰ ਅਪਣਾਓ, ਪੰਜਾਬ ਨੂੰ ਖੁਸ਼ਹਾਲ ਬਣਾਓ।

**ਪੰਜਾਬ ਵਿੱਚ ਖੇਤੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਤੇ ਖੇਤੀ ਸਬੰਧੀ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕਿਸਾਨ ਕਾਲ ਸੈਂਟਰ ਦੀ ਸਹੂਲਤ ਲਾਗੂ ਹੈ।**

# ਚੇਤਾਵਨੀ

## ਸਰਕਾਰੀ ਨੌਕਰੀ/ ਕਿਸਾਨ ਕਾਲ ਸੈਂਟਰ ਵਿੱਚ ਭਰਤੀ ਦੇ ਨਾਮ ਤੇ ਧੋਖੇਬਾਜੀ ਤੋਂ ਸਾਵਧਾਨ

ਕਿਸਾਨ ਕਾਲ ਸੈਂਟਰ ਦੇ ਨਾਂ ਤੇ ਸਟਾਫ ਭਰਤੀ ਕਰਨ ਲਈ ਕੁੱਝ ਧੋਖੇਬਾਜਾਂ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਪਾਸ ਉਮੀਦਵਾਰਾਂ ਨੂੰ ਕਿਸਾਨ ਕਾਲ ਸੈਂਟਰ ਵਿੱਚ ਨੌਕਰੀ ਦੇਣ ਦੇ ਬਹਾਨੇ ਉਨ੍ਹਾਂ ਤੋਂ ਪੈਸੇ ਠੱਗਣ ਸਬੰਧੀ ਕਈ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ। ਇਹ ਵੇਖਣ ਵਿੱਚ ਆਇਆ ਹੈ ਕਿ ਇਹ ਧੋਖੇਬਾਜ 15,000 ਤੋਂ ਲੈ ਕੇ 30,000 ਰੁਪਏ ਤੱਕ ਦੀ ਤਨਖਾਹ ਦਾ ਲਾਲਚ ਦੇ ਕੇ ਉਮੀਦਵਾਰਾਂ ਤੋਂ ਸਕਿਉਰਿਟੀ/ਲੈਪਟਾਪ ਲਈ ਕੁਝ ਰੁਪਏ ਐਡਵਾਂਸ ਵਿਚ ਮੰਗਦੇ ਹਨ। ਕਈ ਵਾਰੀ ਫਾਰਮ ਮੰਗਵਾਉਣ ਦੇ ਨਾਂ ਤੇ ਵੀ ਇਨ੍ਹਾਂ ਵੱਲੋਂ 850 ਜਾਂ 1000 ਰੁਪਏ ਦੀ ਰਕਮ ਮੰਗੀ ਜਾਂਦੀ ਹੈ। ਕਿਸਾਨ ਕਾਲ ਸੈਂਟਰ ਤੋਂ ਇਲਾਵਾ ਇਸ ਤਰ੍ਹਾਂ ਦੀ ਧੋਖੇਬਾਜੀ ਨਾਮ ਬਦਲ ਕੇ ਹੋਰ ਫਰਜੀ ਸੰਗਠਨ ਜਿਵੇਂ ਕਿ ਭਾਰਤੀ ਕ੍ਰਿਸ਼ੀ ਵਿਗਿਆਨ ਕੇਂਦਰ, ਕਿਸਾਨ ਹੈਲਪਲਾਈਨ ਸਰਵਿਸਿਜ਼ ਅਤੇ ਕਿਸਾਨ ਸੇਵਾ ਸੰਮਤੀ/ ਕੇਂਦਰ ਆਦਿ ਦੇ ਨਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਆਮ ਜਨਤਾ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਦੇਸ਼ ਵਿੱਚ ਭਾਰਤ ਸਰਕਾਰ ਵੱਲੋਂ ਕਿਸਾਨ ਕਾਲ ਸੈਂਟਰ ਸਕੀਮ ਇਫਕੋ ਕਿਸਾਨ ਸੰਚਾਰ ਲਿਮ. ਰਾਹੀ ਚੱਲ ਰਹੀ ਹੈ। ਜਿਸ ਵਿੱਚ ਬਤੌਰ ਲੈਵਲ-1 ਮਾਹਿਰ ਜਾਂ ਏਜੰਟ ਦੇ ਤੌਰ ਤੇ ਕੰਮ ਕਰਨ ਲਈ ਘੱਟੋ-ਘੱਟ ਯੋਗਤਾ ਬੀ.ਐਸ.ਸੀ ਖੇਤੀਬਾੜੀ ਜਾਂ ਅਲਾਈਡ ਹੈ। ਭਾਰਤ/ ਰਾਜ ਸਰਕਾਰ ਅਤੇ ਡਾਇਰੈਕਟੋਰੇਟ, ਖੇਤੀਬਾੜੀ ਵਿਭਾਗ, ਪੰਜਾਬ ਵੱਲੋਂ ਸਮੇਂ-ਸਮੇਂ ਤੇ ਪ੍ਰਮੁੱਖ ਅਖਬਾਰਾਂ ਵਿੱਚ ਇਹ ਇਸ਼ਤਿਹਾਰ / ਪ੍ਰੈਸ ਨੋਟ ਜਾਰੀ ਕੀਤੇ ਜਾ ਰਹੇ ਹਨ ਕਿ ਕਿਸੇ ਵੀ ਸੂਬੇ ਵਿੱਚ ਚਲਾਏ ਜਾ ਰਹੇ ਕਿਸਾਨ ਕਾਲ ਸੈਂਟਰ ਵਿੱਚ ਭਰਤੀ ਲਈ ਕੇਵਲ ਇਫਕੋ ਕਿਸਾਨ ਸੰਚਾਰ ਲਿਮਟਿਡ ਨੂੰ ਅਧਿਕਾਰ ਦਿੱਤੇ ਹੋਏ ਹਨ। ਇਸ ਤੋਂ ਇਲਾਵਾ ਕੋਈ ਵੀ ਏਜੰਸੀ/ ਸੰਗਠਨ ਕਿਸਾਨ ਕਾਲ ਸੈਂਟਰ ਵਿੱਚ ਭਰਤੀ ਕਰਨ ਲਈ ਅਧਿਕਾਰਤ ਨਹੀਂ ਹੈ।

ਇਸ ਸਬੰਧੀ ਆਮ ਅਤੇ ਖਾਸ ਵਿਅਕਤੀਆਂ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਅਗਰ ਆਪ ਨੂੰ ਜਾਂ ਆਪ ਦੇ ਕਿਸੇ ਮਿੱਤਰ/ ਰਿਸ਼ਤੇਦਾਰ ਆਦਿ ਨੂੰ ਕਿਸੇ ਕੰਪਨੀ ਜਾਂ ਸੰਗਠਨ ਵੱਲੋਂ ਕਿਸਾਨ ਕਾਲ ਸੈਂਟਰ ਦੇ ਨਾਂ ਤੇ ਅਜਿਹੀ ਨੌਕਰੀ ਦੇਣ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਜਾਂ ਸਕਿਉਰਿਟੀ/ ਲੈਪਟਾਪ ਲਈ ਰਾਸ਼ੀ ਆਦਿ ਦੀ ਮੰਗ ਕੀਤੀ ਜਾਂਦੀ ਹੈ ਤਾਂ ਇਸ ਸਬੰਧੀ ਤੁਰੰਤ ਆਪਣੇ ਜਿਲੇ ਦੇ ਮੁੱਖ ਖੇਤੀਬਾੜੀ ਅਫ਼ਸਰ ਅਤੇ ਖੇਤੀ ਵਿਭਾਗ ਦੇ ਨੇੜੇ ਦੇ ਦਫਤਰਾਂ ਦੇ ਧਿਆਨ ਵਿੱਚ ਲਿਆ ਕੇ ਇਸ ਸਬੰਧੀ ਜਿਲ੍ਹੇ ਦੇ ਪ੍ਰਸ਼ਾਸਨ/ ਪੁਲਿਸ ਨੂੰ ਸ਼ਿਕਾਇਤ ਕੀਤੀ ਜਾ ਸਕਦੀ ਹੈ। ਇਸ ਸਬੰਧੀ ਸਲਾਹ ਦਿੱਤੀ ਜਾਂਦੀ ਹੈ ਕਿ ਸਰਕਾਰੀ ਦਫਤਰਾਂ ਦੇ ਨਾਂ ਤੇ ਨੌਕਰੀ ਦੇ ਕਿਸੇ ਵੀ ਇਸ਼ਤਿਹਾਰ ਦੇ ਸਬੰਧਤ ਵਿਭਾਗ ਨਾਲ ਤਾਲਮੇਲ ਕਰਕੇ ਆਪਣੇ ਪੱਧਰ ਤੇ ਪਹਿਲਾਂ ਚੰਗੀ ਤਰ੍ਹਾਂ ਜਾਂਚ-ਪੜਤਾਲ ਕਰਕੇ ਹੀ ਕਾਰਵਾਈ ਕੀਤੀ ਜਾਵੇ। ਹੋਰ ਜਿਆਦਾ ਜਾਣਕਾਰੀ ਲਈ ਭਾਰਤ ਸਰਕਾਰ ਦੇ ਖੇਤੀਬਾੜੀ ਮੰਤਰਾਲੇ ਦੇ ਫੋਨ ਨੰ: 011-23384551 ਅਤੇ ਖੇਤੀਬਾੜੀ ਵਿਭਾਗ, ਪੰਜਾਬ ਦੇ ਫੋਨ ਨੰ: 0172- 2970609 (ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 9.00 ਵਜੇ ਤੋਂ 5.00 ਵਜੇ ਤੱਕ) ਤੇ ਫੋਨ ਕਰਕੇ ਸਲਾਹ ਲਈ ਜਾ ਸਕਦੀ ਹੈ। ਸਰਕਾਰ ਦੇ ਕਿਸੇ ਵੀ ਮਹਿਕਮੇ ਜਾਂ ਵਿਭਾਗ ਵੱਲੋਂ ਕਿਸੇ ਨੌਕਰੀ ਲਈ ਸਕਿਉਰਿਟੀ ਰਾਸ਼ੀ ਜਾਂ ਲੈਪਟਾਪ ਆਦਿ ਲਈ ਪੈਸਿਆਂ ਦੀ ਮੰਗ ਨਹੀਂ ਕੀਤੀ ਜਾਂਦੀ ਹੈ। ਅਪੀਲ ਵਿੱਚ ਦਿੱਤੀ ਗਈ ਸਲਾਹ/ ਚੇਤਾਵਨੀ ਦੀ ਪਾਲਣਾ ਕਰਕੇ ਅਸੀਂ ਅਜਿਹੇ ਧੋਖਿਆਂ ਦੇ ਸ਼ਿਕਾਰ ਹੋਣ ਤੋਂ ਬਚਾਓ ਕਰ ਸਕਦੇ ਹਾਂ।

## ਡਾਇਰੈਕਟਰ, ਖੇਤੀਬਾੜੀ ਵਿਭਾਗ, ਪੰਜਾਬ

**ਪਲਾਟ ਨੰ: 204,ਫੇਸ-6, ਸੈਕਟਰ-56 (ਨੇੜੇ ਦਾਰਾ ਸਟੂਡਿਓ ) ਐਸ. ਏ. ਐਸ. ਨਗਰ**

ਹੋਰ ਸੂਚਨਾ ਲਈ ਜਿਲੇ ਦੇ ਮੁੱਖ ਖੇਤੀਬਾੜੀ ਅਫਸਰ ਨੂੰ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-

| | | | | | | | | | |
|---|---|---|---|---|---|---|---|---|---|
| ਅੰਮ੍ਰਿਤਸਰ | 0183-2502527 | ਫਾਜਿਲਕਾ | 01638- 261083 | ਕਪੂਰਥਲਾ | 01822- 225782 | ਨਵਾਂ ਸ਼ਹਿਰ | 01823- 222042 | ਐਸ.ਏ.ਐਸ. ਨਗਰ | 0172-5095396 |
| ਬਰਨਾਲਾ | 01679- 243709 | ਫਿਰੋਜ਼ਪੁਰ | 01632- 241458 | ਲੁਧਿਆਣਾ | 0161-2552757 | ਪਟਿਆਲਾ | 0175-2214774 | ਤਰਨ ਤਾਰਨ | 01852- 222458 |
| ਬਠਿੰਡਾ | 0164-2240558 | ਗੁਰਦਾਸਪੁਰ | 01874- 221161 | ਮਾਨਸਾ | 01652- 227226 | ਪਠਾਨਕੋਟ | 0186-2222745 | | |
| ਫਰੀਦਕੋਟ | 01639- 250058 | ਹੁਸ਼ਿਆਰਪੁਰ | 01882- 222102 | ਮੁਕਤਸਰ | 01633- 262634 | ਰੋਪੜ | 01881-222370 | | |
| ਫ਼ਤਿਹਗੜ੍ਹ ਸਾਹਿਬ | 01763- 232277 | ਜਲੰਧਰ | 0181-2225005 | ਮੋਗਾ | 01636- 236882 | ਸੰਗਰੂਰ | 01672- 234220 | | |